# ਸੰਤ ਸਿਪਾਹੀ

**ਜਲੰਧਰ, 31 ਮਈ, 2008**

**ਪੰਜਾਬੀ ਲਾਗੂ ਕਰਨ ਲਈ ਵਿਦਵਾਨਾਂ ਦੀ ਕਮੇਟੀ**

ਪਟਿਆਲਾ, 1 ਮਈ-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 47ਵੇਂ ਸਥਾਪਨਾ ਦਿਵਸ ਤੇ ਸਰਬ ਭਾਰਤੀ ਪੰਜਾਬੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬੀ ਜ਼ਬਾਨ ਨੂੰ ਸਕੂਲ, ਕਾਲਜਾਂ ਤੇ ਸਰਕਾਰੀ ਦਫਤਰਾਂ ਵਿਚ ਲਾਗੂ ਕਰਨ ਲਈ ਜਲਦੀ ਹੀ ਆਰਡੀਨੈਂਸ ਜਾਰੀ ਕੀਤਾ ਜਾਵੇਗਾ। ਉਹਨਾਂ ਕਿਹਾ ਇਸ ਆਰਡੀਨੈਂਸ ਦਾ ਖਰੜਾ ਪੜਤਾਲਨ ਲਈ ਵਿਦਵਾਨਾਂ ਦੀ ਇਕ ਕਮੇਟੀ ਗਠਿਤ ਕੀਤੀ ਜਾਵੇਗੀ ਤਾਂ ਕਿ ਇਸ ਵਿਚ ਕੋਈ ਵੀ ਉਕਤਾਈ ਨਾ ਰਹੇ। ਇਸ ਮੌਕੇ ਪ੍ਰੋ. ਪ੍ਰੀਤਮ ਸਿੰਘ, ਗੁਰਸ਼ਰਨ ਸਿੰਘ, ਦਲੀਪ ਕੌਰ ਟਿਵਾਣਾ, ਟੀ. ਆਰ. ਸ਼ਰਮਾ ਅਤੇ ਰਾਜ ਬੱਬਰ ਨੂੰ ਸਨਮਾਨਿਤ ਵੀ ਕੀਤਾ ਗਿਆ।

**ਪ੍ਰੋ. ਗੁਰਦਿਆਲ ਸਿੰਘ ਨੂੰ ਫੈਲੋਸ਼ਿਪ ਪ੍ਰਧਾਨ**

ਜੈਤੋਂ, 1 ਮਈ-ਪਦਮ ਸ੍ਰੀ ਪ੍ਰੋ. ਗੁਰਦਿਆਲ ਸਿੰਘ ਨੂੰ ਭਾਰਤ ਦੇ ਵਿਦਿਅਕ ਤੇ ਸਾਹਿਤ ਖੋਜ ਦੇ ਉਚਤਮ ਅਦਾਰੇ "ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟਡੀ" ਸ਼ਿਮਲਾ ਵਲੋਂ ਨੈਸ਼ਨਲ ਫੈਲੋਸ਼ਿਪ ਦੋ ਸਾਲ ਲਈ ਪ੍ਰਦਾਨ ਕੀਤੀ ਗਈ ਹੈ। ਪ੍ਰੋ. ਗੁਰਦਿਆਲ ਸਿੰਘ ਨੇ ਕਿਹਾ ਇਹ ਸਨਮਾਨ ਪੰਜਾਬੀ ਭਾਸ਼ਾ ਦੇ ਸਾਹਿਤ ਨੂੰ ਦਿੱਤਾ ਗਿਆ ਹੈ।

**ਲੱਖੋਵਾਲ 8ਵੀਂ ਵਾਰ ਪ੍ਰਧਾਨ ਬਣੇ**

ਲੁਧਿਆਣਾ, 1 ਮਈ-ਭਾਰਤੀ ਕਿਸਾਨ ਯੂਨੀਅਨ ਦੀ ਹੋਈ ਚੋਣ ਵਿਚ ਸ੍ਰ. ਅਜਮੇਰ ਸਿੰਘ ਲੱਖੋਵਾਲ ਨੂੰ 8ਵੀਂ ਵਾਰੀ ਯੂਨੀਅਨ ਦਾ 4 ਸਾਲ ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਸ੍ਰ. ਲੱਖੋਵਾਲ ਨੇ ਡੈਲੀਗੇਟਾਂ ਦਾ ਧੰਨਵਾਦ ਕਰਦੇ ਹੋਏ ਆਪਣੀ ਨਵੀਂ ਟੀਮ ਦਾ ਐਲਾਨ ਕੀਤਾ ਜਿਸ ਵਿਚ ਸ੍ਰ. ਬਲਦੇਵ ਸਿੰਘ ਗੁੰਮਟਾਲਾ ਨੂੰ ਯੂਨੀਯਨ ਦੇ ਕੌਮੀ ਮੀਤ ਪ੍ਰਧਾਨ ਅਤੇ ਸ੍ਰ. ਪੂਰਨ ਸਿੰਘ ਸ਼ਾਹਕੋਟ ਨੂੰ ਸਕੱਤਰ ਜਨਰਲ ਐਲਾਨਿਆ।

**'ਦ ਗ੍ਰੇਟ ਖਲੀ' ਦੇਸ਼ ਪਰਤਿਆ**

ਨਵੀਂ ਦਿੱਲੀ, 2 ਮਈ-ਡਬਲਿਊ ਡਬਲਿਊ ਈ ਦੇ ਚੈਂਪੀਅਨ ਮਹਾਂਬਲੀ ਖਲੀ ਉਰਫ ਦਲੀਪ ਸਿੰਘ ਰਾਣਾ 3 ਸਾਲ ਦੇ ਲੰਬੇ ਅਰਸੇ ਪਿਛੋਂ ਦੇਸ਼ ਪਰਤਿਆ। ਹਵਾਈ ਹੱਡੇ ਤੇ ਪ੍ਰਸ਼ੰਸਕਾ ਵਲੋਂ ਉਸਦਾ ਨਿੱਘਾ ਸਵਾਗਤ ਕੀਤਾ ਅਤੇ ਭੰਗੜੇ ਪਾਏ। ਖਲੀ ਦੀ ਪਤਨੀ ਹਰਮਿੰਦਰ ਕੌਰ ਉਹਨਾਂ ਦੇ ਨਾਲ ਸੀ। ਚੇਤੇ ਰਹੇ ਕਿ ਖਲੀ ਨੇ ਪੰਜਾਬ ਪੁਲਿਸ ਦੇ ਵਿਚ ਕੰਮ ਕਰਦੇ ਹੋਏ ਦੁਨੀਆਂ ਵਿਚ ਨਾਮਨਾ ਖਟਿਆ ਹੈ।

**ਆਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਮੁਆਫੀ ਮੰਗੀ**

ਮੈਲਬਰਨ, 2 ਮਈ-24 ਫਰਵਰੀ ਨੂੰ ਆਸਟਰੇਲੀਆਂ ਦੇ ਸ਼ਹਿਰ ਬ੍ਰਿਜ਼ਬਨ ਵਿਚ 13 ਸਿੱਖਾਂ ਦੀਆਂ ਪੱਗਾਂ ਉਤਾਰ ਕੇ ਸੁਰਖਿਆ ਜਾਂਚ ਕਰਨ ਦਾ ਮਾਮਲਾ ਸਿੱਖ ਐਸੋਸੀਏਸ਼ਨਾ ਨੇ ਆਸਟਰੇਲੀਅਨ ਸਰਕਾਰ ਕੋਲ ਪਹੁੰਚਾਇਆ। ਪ੍ਰਧਾਨ ਮੰਤਰੀ ਸ੍ਰੀ ਕੇਵਿਨ ਰੱਡ ਨੇ ਇਸ ਘਟਨਾ ਲਈ ਸਿੱਖਾਂ ਕੋਲੋਂ ਮੁਆਫੀ ਮੰਗੀ ਹੈ ਅਤੇ ਕਿਹਾ ਹੈ ਕਿ ਇਹ ਘਟਨਾ ਬਹੁਤ ਸ਼ਰਮਨਾਕ ਹੈ।

**ਰੂਸ ਦੇ ਨਵੇਂ ਰਾਸ਼ਟਰਪਤੀ**

ਮਾਸਕੋ, 7 ਮਈ-ਰੂਸ ਦੇ 114 ਸਾਲਾਂ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ ਦੇ 42 ਸਾਲਾਂ ਦਮਿਤਰੀ ਮੇਦਵਦੇਵ ਨੇ ਰੂਸ ਦੇ ਰਾਸ਼ਟਰਪਤੀ ਦੇ ਅਹੁਦੇ ਦਾ ਹਲਫ ਲਿਆ। ਨਵੇਂ ਰਾਸ਼ਟਰਪਤੀ ਨੇ 55 ਸਾਲਾਂ ਵਲਾਦੀਮੀਰ ਪੁਤਿਨ ਜੋ ਸੰਵਿਧਾਨਕ ਬੰਦਿਸ਼ ਕਾਰਨ ਤੀਜੀ ਵਾਰੀ ਰਾਸ਼ਟਰਪਤੀ ਦੀ ਚੋਣ ਨਹੀਂ ਲੜ ਸਕੇ ਸਨ, ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਨਾਮਜਦ ਕਰ ਦਿੱਤਾ ਹੈ।

**ਮੁਹਾਲੀ ਅਤੇ ਆਦਮਪੁਰ ਵਿਚ ਸਿੱਖ ਵਿਦਿਆਰਥੀਆਂ ਨੂੰ ਪੱਗ ਬੰਨ੍ਹਣ ਤੇ ਰੋਕ**

ਮੁਹਾਲੀ-ਆਦਮਪਰ, 7 ਮਈ-ਮੁਹਾਲੀ ਦੇ ਲਾਰੈਂਸ ਪਬਲਿਕ ਸਕੂਲ ਅਤੇ ਆਦਮਪੁਰ ਦੇ ਸੇਂਟ ਐਂਟੋਨੀ ਕਾਨਵੈਂਟ ਸਕੂਲ ਦੇ ਸਿੱਖ ਵਿਦਿਆਰਥੀਆਂ ਦੇ ਦਸਤਾਰ ਬੰਨ੍ਹਣ ਤੇ ਰੋਕ ਲਾਉਣ ਤੇ ਇੰਨਾਂ ਸਕੂਲਾਂ ਦੀਆਂ ਮੈਨੇਜਮੈਂਟ ਦੇ ਖਿਲਾਫ ਸਿੱਖ ਜਥੇਬੰਦੀਆਂ ਵਲੋਂ ਤਿੱਖਾ ਪ੍ਰਤਿਕਰਮ ਅਤੇ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਮੁਹਾਲੀ ਸਕੂਲ ਦੇ ਪ੍ਰਿੰਸੀਪਲ ਨੇ ਲਿਖਤੀ ਮੁਆਫੀ ਮੰਗੀ ਹੈ ਅਤੇ ਆਦਮਪੁਰ ਸਕੂਲ ਦੇ ਫਾਦਰ ਸੰਮੀ ਨੇ ਇਸ ਮਾਮਲੇ ਨੂੰ ਨਜਿੱਠਨ ਲਈ ਇਕ ਮਹੀਨੇ ਦਾ ਸਮਾਂ ਮੰਗਿਆ ਹੈ। ਆਦਮਪੁਰ ਦੇ ਸਕੂਲ ਦੇ ਵਫਦ ਨੇ ਜਥੇ. ਅਵਤਾਰ ਸਿੰਘ ਪਧਾਨ ਸ਼੍ਰੋਮਣੀ ਕਮੇਟੀ ਨੂੰ ਮਿਲਕੇ ਗਲਤੀ ਮੰਨੀ।

**ਬਾਲਾ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਸਕੱਤ੍ਰ**

ਚੰਡੀਗੜ੍ਹ, 5 ਮਈ-ਕਰਨਲ ਜਸਮੇਰ ਸਿੰਘ ਬਾਲਾ ਨੂੰ ਸ੍ਰ. ਗੁਰਦੇਵ ਸਿੰਘ ਬਰਾੜ ਆਈ.ਏ. ਐਸ. (ਸੇਵਾ ਮੁਕਤ) ਪ੍ਰਧਾਨ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਜਨਰਲ ਅਜਲਾਸ ਵਿਚ ਸੁਸਾਇਟੀ ਦਾ ਸਕੱਤ੍ਰ ਨਿਯੁਕਤ ਕੀਤਾ। ਕਰਨਲ ਬਾਲਾ ਇਕ ਉੱਘੇ ਸਿੱਖ ਬੁੱਧੀਜੀਵੀ ਸਿੱਖਿਆ ਸ਼ਾਸਤਰੀ ਅਤੇ ਪੰਜਾਬੀ ਕਵੀ ਹਨ। ਇਹ ਸੰਸਥਾ ਪੰਜਾਬ ਤੇ ਚੰਡੀਗੜ੍ਹ ਵਿਚ 6 ਨਾਮਵਰ ਸਿਖਿਆ ਸੰਸਥਾਵਾਂ ਚਲਾ ਰਹੀ ਹੈ।

**ਗੁ. ਕਰਤਾਰਪੁਰ ਸਾਹਿਬ ਦੇ ਦਰਸ਼ਨਾ ਲਈ ਸਥਾਨ ਦਾ ਉਦਘਾਟਨ**

ਡੇਰਾ ਬਾਬਾ ਨਾਨਕ, 4-5 ਮਈ-ਪਾਕਿਸਤਾਨ ਸਥਿਤ ਸਿੱਖਾਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਸਿੱਖ ਸੰਗਤਾਂ ਨੂੰ ਅੰਤਰ ਰਾਸ਼ਟਰੀ ਸਰਹੱਦ ਤੋਂ ਹੋਰ ਵੀ ਵਧੀਆ ਅਤੇ ਸੌਖੇ ਢੰਗ ਨਾਲ ਦੂਰੋਂ ਦਰਸ਼ਨ ਦੀਦਾਰੇ ਕਰਵਾਉਣ ਹਿੱਤ ਬੀ. ਐਸ. ਐਫ. ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼ 'ਚੋਂ 17ਵੀਂ ਪ੍ਰੀੜੀ ਬਾਬਾ ਸੁਖਦੀਪ ਸਿੰਘ ਬੇਦੀ ਵਲੋਂ 20 ਲੱਖ ਤੋਂ ਵੀ ਵੱਧ ਲਾਗਤ ਨਾਲ ਤਿਆਰ ਕਰਵਾਏ ਗਏ ਗੁ. ਕਰਤਾਰਪੁਰ ਸਾਹਿਬ ਦਰਸ਼ਨ ਸਥਾਨ ਨੂੰ ਸਿੱਖ ਸੰਗਤਾਂ ਲਈ ਖੋਲ ਦਿੱਤਾ ਗਿਆ। 5 ਮਈ ਨੂੰ ਗੁ. ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾਂ ਦੇ ਪ੍ਰਧਾਨ ਜਥੇ. ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿਚ ਸਿੱਖ ਸੰਗਤਾਂ ਨੇ ਗੁਰਦੁਆਰਾ ਸਾਹਿਬ ਲਈ ਲਾਂਘਾ ਦੇਣ ਬਾਰੇ 87ਵੀਂ ਸਮੂਹਿਕ ਅਰਦਾਸ ਵੀ ਨਵੇਂ ਬਣੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਅਤੇ ਭਾਰਤ-ਪਾਕਿ ਸਰਕਾਰਾਂ ਤੋਂ ਖੁਲੇ ਦਰਸ਼ਨਾਂ ਲਈ ਜਲਦੀ ਲਾਂਘਾ ਦੇਣ ਦੀ ਮੰਗ ਦੁਹਰਾਈ।

**ਗੱਡੀਆਂ ਦੀ ਰਜਿਸਟਰੇਸ਼ਨ ਡੀਲਰਾਂ ਵਲੋਂ**

ਚੰਡੀਗੜ੍ਹ, 6 ਮਈ-ਪੰਜਾਬ ਵਿਚ ਵੀ ਦਿੱਲੀ ਦੀ ਤਰਾਂ ਮੋਟਰ ਗੱਡੀਆਂ ਦੀ ਰਜਿਸਟਰੇਸ਼ਨ ਡੀਲਰਾਂ ਰਾਹੀਂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਨਾਲ ਡੀ. ਟੀ. ਓ. ਦਫਤਰਾਂ ਵਿਚ ਲੋਕਾਂ ਦੀ ਖੱਜਲ ਖੁਆਰੀ ਖਤਮ ਹੋਣ ਦੀ ਆਸ ਹੈ ਪੰਜਾਬ ਵਿਚ ਚਾਰ ਮਹਾਂਨਗਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਨਾ ਅਤੇ ਮੁਹਾਲੀ ਵਿਖੇ ਸ਼ੁਰੂ ਹੋਣ ਵਾਲੀ ਰੇਡਿਓ ਟੈਕਸੀ ਸੇਵਾ ਵੀ 27 ਮਈ ਪੰਚਾਇਤ ਚੋਣਾਂ ਤੋਂ ਬਾਅਦ ਸ਼ੁਰੂ ਕਰਨ ਬਾਰੇ ਵੀ ਸਰਕਾਰ ਵਲੋਂ ਐਲਾਨੇ ਜਾਣ ਦੀ ਸੰਭਾਵਨਾ ਹੈ। ਇਹਨਾਂ ਚਾਰ ਨਗਰਾਂ ਵਿਚ ਦੋ ਦੋ ਕੰਪਨੀਆ ਨੂੰ ਲਾਇਸੈਂਸ ਜਾਰੀ ਕਰ ਦਿੱਤੇ ਗਏ ਹਨ।

**ਕਣਕ ਦੇ ਵਧੇਰੇ ਯੋਗਦਾਨ ਲਈ ਪੰਜਾਬ ਪੈਕੇਜ**

ਖੰਨਾ, 8 ਮਈ-ਪੰਜਾਬ ਵਿਚ ਇਸ ਵਰੇ 6 ਸਰਕਾਰੀ ਏਜੰਸੀਆਂ ਅਤੇ ਪ੍ਰਾਈਵੇਟ ਮਿੱਲ ਮਾਲਕਾਂ ਵਲੋਂ ਇਕ ਕਰੋੜ ਮੀਟਰ ਟਨ ਤੋਂ ਵੱਧ ਕਣਕ ਦੀ ਖਰੀਦ ਕੀਤੀ ਗਈ ਜੋ ਕਿ ਪਿਛਲੇ ਸਾਲ ਨਾਲੋ 30% ਵਧ ਹੈ। ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਮਿਹਨਤੀ ਕਿਸਾਨਾਂ ਵਲੋਂ ਕੇਂਦਰੀ ਭੰਡਾਰ ਵਿਚ ਰਿਕਾਰਡ ਤੋੜ ਕਣਕ ਦੇਣ ਦੇ ਮੱਦੇਨਜ਼ਰ ਇਕ ਵੱਡਾ ਪੈਕੇਜ ਜਲਦੀ ਹੀ ਐਲਾਨ ਕਰਨਾ ਚਾਹੀਦਾ ਹੈ।

**ਮੇਰਾ ਐਮ. ਬੀ. ਆਈ. ਪੁਰਸਕਾਰ ਭਾਰਤੀਆਂ ਦਾ ਸਨਮਾਨ-ਮਲਕੀਅਤ ਸਿੰਘ**

ਲੰਡਨ, 8 ਮਈ-ਪੰਜਾਬੀ ਗਾਇਕ ਮਲਕੀਅਤ ਸਿੰਘ ਅਜਿਹੇ ਪਹਿਲੇ ਪੰਜਾਬੀ ਗਾਇਕ ਬਣ ਗਏ ਹਨ ਜਿੰਨਾਂ ਨੂੰ ਬਰਤਾਨੀਆਂ ਦੀ ਮਹਾਰਾਣੀ ਐਲਿਜ਼ਬਥ ਹੱਥੋਂ ਵਿਕਾਰੀ ਮੈਂਬਰ ਆਫ ਦੀ ਬ੍ਰਿਟਿਸ਼ ਅੰਪਾਇਰ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ। ਮਲਕੀਅਤ ਸਿੰਘ ਨੇ ਪੁਰਸਕਾਰ ਮਿਲਣ ਉਪਰੰਤ ਕਿਹਾ ਕਿ ਮੈਨੂੰ ਇਹ ਪੁਰਸਕਾਰ ਹਾਸਿਲ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ ਅਤੇ ਕਿਹਾ ਕਿ ਇਹ ਪੁਰਸਕਾਰ ਮੇਰਾ ਇਕੱਲੇ ਦਾ ਨਹੀਂ ਸਗੋਂ ਸਮੂਹ ਭਾਰਤੀਆਂ ਦਾ ਹੈ।

**ਰਾਜ ਗਾਇਕ ਹੰਸ ਨੂੰ ਪਦਮ ਸ੍ਰੀ ਪੁਰਸਕਾਰ**

ਨਵੀਂ ਦਿੱਲੀ, 10 ਮਈ-ਪੰਜਾਬੀ ਸਭਿਆਚਾਰ ਨਾਲ ਜੋੜਨ ਵਾਲੇ ਪੰਜਾਬ ਦੇ ਰਾਜ ਗਾਇਕ ਹੰਸ ਰਾਜ ਹੰਸ ਨੂੰ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੇ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਹੰਸ ਨੇ ਪੁਰਸਕਾਰ ਪ੍ਰਾਪਤ ਕਰਨ ਉਪਰੰਤ ਕਿਹਾ ਕਿ ਉਹ ਆਪਣੇ ਸੰਗੀਤ ਗੁਰੂ ਜਨਾਬ ਪੂਰਨ ਸ਼ਾਹਕੋਟੀ ਅਤੇ ਸਮੂਹ ਪੰਜਾਬੀਆਂ ਦੇ ਅਥਾਹ ਪਿਆਰ ਸਦਕਾ ਇਸ ਮੁਕਾਮ 'ਤੇ ਪਹੁੰਚਿਆ ਹੈ।

**ਸਾਧਾਂ ਦੇ ਡੇਰੇ ਛੱਡ ਕੇ ਗੁਰੂ ਨਾਲ ਜੁੜੋ**

ਜਲੰਧਰ, 11 ਮਈ-ਸੰਤ ਮਹਾਂ ਸਿੰਘ ਗੁੜ੍ਹਾਂ ਦੇ ਸੰਚਾਲਕ ਸੰਤ ਬਲਵਿੰਦਰ ਸਿੰਘ ਸੇਵਾ ਪੰਥੀ ਵਲੋਂ ਕਰਵਾਏ ਗਏ ਤੀਸਰੇ ਸਾਲਾਨਾ ਕੀਰਤਨ ਦਰਬਾਰ ਵਿਚ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇ ਅਵਤਾਰ ਸਿੰਘ ਨੇ ਸੰਗਤਾਂ ਨੂੰ ਪਾਖੰਡੀ ਸਾਧਾਂ ਦੇ ਡੇਰੇ ਅਤੇ ਕਰਮ ਕਾਂਡ ਛੱਡਕੇ ਗੁਰੂ ਨਾਲ ਜੁੜਨ ਦੀ ਅਪੀਲ ਕੀਤੀ ਹੈ। ਇਸ ਮੌਕੇ ਵਿਧਾਇਕ ਸ੍ਰ. ਬਰਾੜ, ਜਥੇ. ਅਵਤਾਰ ਸਿੰਘ ਦੇਵੀ ਤਲਾਬ ਮੰਦਰ ਕਮੇਟੀ ਦੇ ਪ੍ਰਧਾਨ ਸ਼ੀਤਲ ਵਿਜ ਸਮੇਤ ਸਾਰੇ ਰਾਗੀ ਜੱਥਿਆਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ।

**ਗੁ. ਹੇਮਕੁੰਟ ਸਾਹਿਬ ਲਈ ਰੋਪ ਵੇਅ ਤਜਵੀਜ਼**

ਚੰਡੀਗੜ੍ਹ, 12 ਮਈ-ਸ੍ਰ. ਤਰਲੋਚਨ ਸਿੰਘ ਮੈਂਬਰ ਰਾਜ ਸਭਾ ਨੇ ਦੱਸਿਆ ਕਿ ਸਿੱਖਾਂ ਦੇ ਪਵਿਤ੍ਰ ਅਸਥਾਨ ਗੁ. ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਨੂੰ ਸੌਖਾ ਬਨਾਉਣ ਹਿੱਤ 11 ਕਿਲੋਮੀਟਰ 'ਰੋਪ ਵੇਅ' ਬਨਾਉਣ ਦੀ ਤਜਵੀਜ਼ ਨੂੰ ਕੇਂਦਰ ਸਰਕਾਰ ਅਤੇ ਉਤਰਾਂਚਲ ਸਰਕਾਰ ਵਲੋਂ ਹਰੀ ਝੰਡੀ ਪ੍ਰਾਪਤ ਹੋ ਗਈ ਹੈ। ਪ੍ਰਾਜੈਕਟ ਦੀ ਰਿਪੋਰਟ ਅਨੁਸਾਰ ਗੋਬਿੰਦਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ 660 ਯਾਤਰੂ ਇਕ ਘੰਟੇ ਦੇ ਰੋਪ ਵੇਅ ਰਾਹੀਂ ਸਫਰ ਕਰਕੇ ਪੁੱਜ ਸਕਣਗੇ। ਇਸ ਰੋਪ ਵੇਅ ਵਿਚ 220 ਰੋਪ ਵੇਅ ਕੈਬਿਨ ਹੋਣਗੇ ਅਤੇ ਹਰ ਇਕ ਕੈਬਿਨ ਵਿਚ 6 ਸਵਾਰੀਆਂ ਦੀ ਜਗਾਹ ਹੋਵੇਗੀ। ਇਹ ਕੈਬਿਨ ਤਿੰਨ ਪੜਾਵਾਂ ਵਿਚ ਆਪਣੀ ਮੰਜ਼ਿਲ 'ਤੇ ਪੁਜਣਗੀਆਂ।

**ਜੈਪੁਰ ਧਮਾਕਿਆ ਵਿਚ 70 ਤੋਂ ਵੱਧ ਮਰੇ**

ਜੈਪੁਰ, 13 ਮਈ-ਅਯੁਧਿਆ ਅਤੇ ਬਨਾਰਸ ਤੋਂ ਬਾਅਦ ਅੱਤਵਾਦੀਆਂ ਵਲੋਂ ਜੈਪੁਰ ਵਿਚ

# ਖਬਰਨਾਮਾ

ਜੂਨ 2008 E-mail : santsipahihotmail.com ਨਿਊਜ਼ ਐਡੀਟਰ-ਮੇਜਰ ਜਗਜੀਤ ਸਿੰਘ ਰਿਸ਼ੀ

ਧਾਰਮਿਕ ਸਥਾਨਾਂ ਨੇੜੇ ਅਤੇ ਹੋਰਨਾਂ ਥਾਵਾਂ ਵਿਚ ਕੀਤੇ 9 ਲੜੀਵਾਰ ਸ਼ਕਤੀਸ਼ਾਲੀ ਬੰਬ ਧਮਾਕਿਆਂ ਵਿਚ 70 ਤੋਂ ਵੱਧ ਵਿਅਕਤੀ ਹਲਾਕ ਹੋ ਗਏ ਅਤੇ 200 ਤੋਂ ਵੱਧ ਲੋਕ ਜ਼ਖਮੀ ਹੋ ਗਏ। ਰਾਜ ਸਰਕਾਰ ਨੇ ਬੰਬ ਧਮਾਕਿਆਂ ਵਿਚ ਮਰਨ ਵਾਲਿਆਂ ਨੂੰ 5-5 ਲੱਖ ਰੁਪਏ ਅਤੇ ਗੰਭੀਰ ਰੂਪ ਵਿਚ ਜ਼ਖਮੀਆਂ ਨੂੰ 1-1 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਧਮਾਕਿਆਂ ਤੋਂ ਬਾਅਦ ਪੂਰੇ ਦੇਸ਼ ਵਿਚ ਹਾਈ ਅਲਰਟ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੋਨਿਆ ਗਾਂਧੀ, ਅਮਰੀਕਾ ਅਤੇ ਪਾਕਿਸਤਾਨ ਵਲੋਂ ਬੰਬ ਧਮਾਕਿਆ ਦੀ ਨਿਖੇਧੀ ਨੀਤੀ ਗਈ ਹੈ।

### ਅਕਾਲੀ-ਭਾਜਪਾ ਦੀ ਜ਼ਿਲਾ ਪਰੀਸ਼ਦ ਚੋਣਾ ਵਿਚ ਜਿੱਤ

ਚੰਡੀਗੜ੍ਹ, 14 ਮਈ-ਪੰਜਾਬ ਭਰ ਵਿਚ ਜ਼ਿਲਾ ਪਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿਚ ਹੁਕਮਰਾਨ ਅਕਾਲੀ-ਭਾਜਪਾ ਗਠਜੋੜ ਨੂੰ ਭਾਰੀ ਸਫਲਤਾ ਪ੍ਰਾਪਤ ਹੋਈ ਹੈ। ਜ਼ਿਲਾ ਪਰੀਸ਼ਦ ਦੇ ਕੁਲ 324 ਜ਼ੋਨਾਂ ਵਿਚੋਂ 280 ਜ਼ੋਨਾਂ ਦੇ ਨਤੀਜਿਆਂ ਵਿਚੋਂ ਅਕਾਲੀ ਦਲ 228 ਅਤੇ ਬੀ.ਜੇ.ਪੀ. 18 ਤੇ ਕਾਬਜ਼ ਹੋਈ ਹੈ ਜਦਕਿ ਕਾਂਗਰਸ 30 ਸੀਟਾਂ ਤੇ ਜੇਤੂ ਰਹੀ। ਪੰਚਾਇਤ ਸੰਮਤੀਆਂ ਦੀਆਂ 141 ਪੰਚਾਇਤ ਸੰਮਤੀਆਂ ਵਿਚੋਂ 136 ਮਿਲੇ ਨਤੀਜਿਆਂ ਵਿਚੋਂ ਅਕਾਲੀ ਦਲ ਨੇ 112, ਭਾਜਪਾ ਨੇ 11 ਤੇ ਕਾਂਗਰਸ ਨੇ 4 ਸੰਮਤੀਆਂ ਹੀ ਜਿੱਤੀਆਂ ਹਨ। ਸਰਕਾਰ ਵਲੋਂ ਪੰਚਾਇਤ ਚੋਣਾ 26 ਮਈ ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ ਸਰਬ ਸੰਮਤੀ ਨਾਲ ਚੁਣੀਆ ਪੰਚਾਇਤਾ ਨੂੰ ਮਿਲੇਗੀ ਤਿੰਨ ਲੱਖ ਰੁਪਏ ਦੀ ਗਰਾਂਟ।

### ਅਮਰੀਕਨ ਯੂਨੀਵਰਸਿਟੀ ਵਿਚ ਗੁਰਮਤਿ ਸੰਗੀਤ ਬਾਰੇ ਚੇਅਰ ਸਥਾਪਿਤ

ਨਿਊਯਾਰਕ, 15 ਮਈ-ਅਮਰੀਕਾ ਦੇ ਸ਼ਹਿਰ ਹੈਮਸਟਡ ਵਿਖੇ ਹੋਫਸਟਰਾ ਯੂਨੀਵਰਸਿਟੀ ਨੇ ਗੁਰਮਤਿ ਸੰਗੀਤ ਬਾਰੇ ਆਪਣੇ ਧਾਰਮਿਕ ਵਿਭਾਗ ਵਿਚ ਚੇਅਰ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ। ਇਹ ਚੇਅਰ ਡਾ. ਕਰਮ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਦੇ ਪ੍ਰੋਫੈਸਰਾਂ ਵਲੋਂ ਸਰਦਾਰਨੀ ਹਰਬੰਸ ਕੌਰ ਦੀ ਯਾਦ ਵਿਚ ਦਾਨ ਕੀਤੀ ਗਈ ਰਕਮ ਨਾਲ ਕਾਇਮ ਕੀਤੀ ਜਾਵੇਗੀ। ਇਸਤੋਂ ਵੀ ਪਹਿਲਾਂ ਇਸ ਯੂਨੀਵਰਸਿਟੀ ਵਿਚ ਸਿੱਖ ਧਰਮ ਫਿਲਾਸਫੀ, ਸਭਿਆਚਾਰ ਅਤੇ ਇਤਿਹਾਸ ਦੀ ਸਿੱਖਿਆ ਲਈ ਸਰਦਾਰਨੀ ਕੁਲਜੀਤ ਕੌਰ ਬਿੰਦਰਾ ਚੇਅਰ ਕਾਇਮ ਕੀਤੀ ਗਈ ਸੀ। ਬਿੰਦਰਾ ਪਰਿਵਾਰ ਵਲੋਂ ਇਸ ਯੂਨੀਵਰਸਿਟੀ ਵਿਚ "ਇੰਟਰਫੇਥ ਪ੍ਰਾਈਜ਼" ਸ਼ੁਰੂ ਕੀਤਾ ਹੈ। 50 ਹਜ਼ਾਰ ਡਾਲਰ ਵਾਲਾ ਇਨਾਮ ਇਸ ਵਾਰ ਤਿੱਬਤੀਆਂ ਦੇ ਧਾਰਮਿਕ ਗੁਰੂ ਦਲਾਈਲਾਮਾ ਨੂੰ ਇਸ ਸਾਲ ਨਵੰਬਰ ਮਹੀਨੇ ਦਿੱਤਾ ਜਾਵੇਗਾ।

### ਬਾਬਾ ਬੰਦਾ ਸਿੰਘ ਬਹਾਦਰ ਦੀ 300 ਸਾਲਾ ਸ਼ਤਾਬਦੀ

ਅਜੀਤ ਨਗਰ, 14 ਮਈ-ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿਚ ਚੱਪੜਚਿੜੀ ਗੁਰਦੁਆਰਾ ਸਾਹਿਬ ਤੋਂ ਗੁ. ਸ੍ਰੀ ਫਤੇਹਗੜ੍ਹ ਸਾਹਿਬ ਤੱਕ *ਗੁਰੂ ਗ੍ਰੰਥ ਸਾਹਿਬ* ਦੀ ਰਹਿਨੁਮਾਈ ਹੇਠ ਅਤੇ ਪੰਜਾ ਪਿਆਰਿਆਂ ਦੀ ਅਗਵਾਈ ਹੇਠ ਸਰਹੰਦ ਫਤਹਿ ਮਾਰਚ ਕੱਢਿਆ ਗਿਆ। ਚੱਪੜ ਚਿੜੀ ਵਿਖੇ ਹੋਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇ. ਅਵਤਾਰ ਸਿੰਘ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤੇਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਸਿੱਖ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ 1710 ਈ. ਨੂੰ ਮੁਹਾਲੀ ਦੇ ਨੇੜੇ ਪਿੰਡ ਚੱਪੜ ਚਿੜੀ ਦੇ ਮੈਦਾਨ ਵਿਚ ਸਰਹਿੰਦ ਦੇ ਸੂਬੇਦਾਰਾ ਵਜ਼ੀਰ ਖਾਨ ਉਪਰ ਯੁੱਧ ਵਿਚ ਫਤਹਿ ਹਾਸਿਲ ਕਰਨ ਉਪਰਾਂਤ ਮੁਗਲ ਰਾਜ ਦਾ ਖਾਤਮਾ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ ਸੀ। ਇਸ ਬਹਾਦਰ ਜਰਨੈਲ ਦੀ 300 ਸਾਲਾ ਸ਼ਤਾਬਦੀ 12 ਮਈ 2010 ਵਿਚ ਵੱਡੀ ਪੱਧਰ ਤੇ ਸ਼੍ਰੋਮਣੀ ਕਮੇਟੀ ਵਲੋਂ ਪਿੰਡ ਚੱਪੜ ਚਿੜੀ ਵਿਖੇ ਮਨਾਈ ਜਾਵੇਗੀ ਅਤੇ ਇਸ ਇਤਿਹਾਸਿਕ ਸਥਾਨ ਤੇ ਸਮਾਰਕ ਬਣਾਇਆ ਜਾਵੇਗਾ ਤੇ ਵਿਦਿਆ ਸੰਸਥਾ ਖੋਲੀ ਜਾਵੇਗੀ।

### ਕਾਮਾ ਗਾਟਾ ਮਾਰੂ ਦੁਖਾਂਤ ਲਈ ਮੁਆਫੀ

ਵੈਨਕੂਵਰ, 16 ਮਈ-94 ਵਰਿਆਂ ਪਿਛੋਂ "ਕਾਮਾਗਾਟਾ ਮਾਰੂ" ਦੇ ਮੁਸਾਫਰਾਂ ਨਾਲ ਨਸਲਵਾਦੀ ਵਿਤਕਰੇ ਲਈ ਕੈਨੇਡਾ ਦੀ ਸੰਸਦ ਵਿਚ ਸਾਂਸਦ ਡਾ. ਰੂਬੀ ਢੱਲਾ ਵਲੋਂ ਲਿਆਂਦੇ ਮਤੇ ਰਾਹੀਂ, ਕੈਨੇਡਾ ਦੀ ਸੰਸਦ ਵਲੋਂ ਸਰਬਸੰਮਤੀ ਨਾਲ ਮੁਆਫੀ ਦਾ ਮਤਾ ਪਾਸ ਕਰ ਦੇਣ ਨਾਲ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਚੇਤੇ ਰਹੇ ਕਿ 1914 ਦੇ ਕਾਲੇ ਅਤੇ ਨਸਲ ਵਾਦੀ ਕਾਨੂੰਨ ਅਧੀਨ 376 ਮੁਸਾਫਰਾਂ ਦੇ ਕਾਮਾਗਾਟਾ ਮਾਰੂ ਜਹਾਜ਼ ਵਿਚ 340 ਸਿੱਖ, 12 ਹਿੰਦੂ ਤੇ 24 ਮੁਸਲਿਮ ਸਨ ਅਤੇ ਇਸ ਜਹਾਜ਼ ਨੂੰ ਕੈਨੇਡਾ ਤੋਂ ਵਾਪਿਸ ਭੇਜ ਦਿੱਤਾ ਗਿਆ ਅਤੇ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਨੇ ਭਾਰਤ ਵਾਪਸ ਪਰਤਨ ਤੇ ਮੁਸਾਫਰਾਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ। ਬ੍ਰਿਟਿਸ਼ ਕੋਲੰਬੀਆਂ ਸੂਬੇ ਦੀ ਸਰਕਾਰ ਨੇ ਵੀ ਕਾਮਾਗਾਟਾ ਮਾਰੂ ਦੁਖਾਂਤ ਲਈ ਵਿਕਟੋਰੀਆ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮੁਆਫੀ ਮੰਗੀ।

### ਛੋਟਾ ਘਲੂਘਾਰਾ ਤੇ ਰਾਸ਼ਟਰੀ ਸੈਮੀਨਾਰ

ਗੁਰਦਾਸਪੁਰ, 17 ਮਈ-ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਦੇ ਇਤਿਹਾਸਕ ਗੁਰਦੁਆਰਾ ਛੋਟਾ ਘਲੂਘਾਰਾ ਕਾਹਨੂੰਵਾਨ ਦੀ ਪ੍ਰਬੰਧਕ ਕਮੇਟੀ ਦੀ ਚੀਫ ਕੁਆਰਡੀਨੇਟਰ ਡਾ. ਜਸਬੀਰ ਕੌਰ ਨੇ ਹੋਰ ਉਘੀਆਂ ਸ਼ਖਸ਼ੀਅਤਾਂ ਦੇ ਸਹਿਯੋਗ ਨਾਲ "ਛੋਟਾ ਘਲੂਘਾਰੇ ਇਤਿਹਾਸਕ ਪ੍ਰਸੰਗ" ਵਿਸ਼ੇ 'ਤੇ ਰਾਸ਼ਟਰ ਸੈਮੀਨਾਰ ਕਰਵਾਇਆ ਜਿਸ ਵਿਚ ਬੋਲਦੇ ਹੋਏ ਪੰਜਾਬ ਦੇ ਖੇਤੀ ਬਾੜੀ ਮੰਤਰੀ ਸ੍ਰ. ਸੁਚਾ ਸਿੰਘ ਲਗਾਹ ਨੇ ਕਿਹਾ ਕਿ ਮੌਤ ਅੱਟਲ ਹੈ ਪਰ ਜੋ ਲੋਕ ਕੌਮ ਤੇ ਦੇਸ਼ ਦੇ ਭਲੇ ਲਈ ਸ਼ਹੀਦੀਆਂ ਪਾ ਜਾਂਦੇ ਹਨ ਉਹਨਾਂ ਨੂੰ ਲੋਕ ਕਦੇ ਨਹੀਂ ਭੁੱਲਦੇ। ਡਾ. ਜਸਬੀਰ ਕੌਰ ਨੇ ਕਿਹਾ ਇਸ ਸੈਮੀਨਾਰ ਨਾਲ ਜੂਨ 1746 ਵਿਚ ਇਥੇ ਸ਼ਹੀਦ ਹੋਏ 11 ਹਜ਼ਾਰ ਤੋਂ ਵੱਧ ਸਿੰਘ ਸਿੰਘਣੀਆਂ ਦੀ ਅਸਲੀ ਗਿਣਤੀ ਅਤੇ ਉਹਨਾਂ ਦੇ ਪਿੰਡਾਂ ਤੇ ਪਤੇ ਤੇ ਨਾਵਾਂ ਦੀ ਖੋਜ ਕਰਵਾ ਕੇ ਇਕ ਇਤਿਹਾਸਕ ਪੁਸਤਕ ਲਿਖੀ ਜਾਵੇ ਤਾਂਕਿ ਆਉਣ ਵਾਲੀਆਂ ਨਸਲਾਂ ਇਸ ਤੋਂ ਜਾਣੂੰ ਹੋਣ ਅਤੇ ਪ੍ਰੇਰਣਾ ਲੈਣ।

### ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਨਾਲ ਜੋੜੋ

ਚੰਡੀਗੜ੍ਹ, 18 ਮਈ-ਮੁੱਖ ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਵਲੋਂ ਚੰਡੀਗੜ੍ਹ ਅੰਤਰ ਰਾਸ਼ਟਰੀ ਹਵਾਈ ਅੱਡੇ ਦਾ ਨਾਂਅ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਰੱਖਣ ਦੀ ਦਿੱਤੀ ਤਜਵੀਜ਼ ਨੂੰ ਕੇਂਦਰ ਵਲੋਂ ਅਸੂਲੀ ਤੌਰ 'ਤੇ ਲਗਭਗ ਪ੍ਰਵਾਨਗੀ ਮਿਲ ਗਈ ਹੈ ਅਤੇ ਇਸ ਮਾਮਲੇ ਨੂੰ ਕੇਂਦਰੀ ਕੈਬਿਨਟ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਤਜਵੀਜ਼ ਨੂੰ ਕੇਂਦਰੀ ਸ਼ਹਿਰ ਹਵਾਬਾਜ਼ੀ ਮੰਤਰਾਲੇ ਦੀ ਸੰਸਦੀ ਸਲਾਹਕਾਰ ਕਮੇਟੀ ਨੇ ਵੀ ਪ੍ਰਵਾਨਗੀ ਦੇ ਦਿੱਤੀ ਹੈ।

### ਪੱਟੀ ਵਲੋਂ ਗੁਰਦੁਆਰਾ ਕਮੀਸ਼ਨ ਤੋਂ ਅਸਤੀਫਾ

ਅੰਮ੍ਰਿਤਸਰ, 20 ਮਈ-ਸਿੱਖ ਗੁਰਦੁਆਰਾ ਜੁਡੀਸ਼ਲ ਕਮੀਸ਼ਨ ਦੇ ਚੇਅਰਮੈਨ ਸ੍ਰ. ਕਸ਼ਮੀਰ ਸਿੰਘ ਪੱਟੀ ਨੇ ਰੋਸ ਵਜੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਹਨਾਂ ਕਿਹਾ ਕਿ ਉਹ ਰੋਸ ਵਜੋਂ ਅਤੇ ਸਿੱਖ ਸੰਗਤ ਦੇ ਵਡੇ ਹਿੱਤਾ ਨੂੰ ਧਿਆਨ ਵਿਚ ਰਖਦਿਆਂ ਜੁਡੀਸ਼ਨ ਕਮੀਸ਼ਨ ਦੇ ਚੇਅਰਮੈਨ ਵਜੋਂ ਅਸਤੀਫਾ ਦੇ ਰਹੇ ਹਨ। ਪੰਜਾਬ ਸਰਕਾਰ ਨੇ ਸ੍ਰ. ਪੱਟੀ ਦਾ ਅਸਤੀਫਾ ਪ੍ਰਵਾਨ ਕਰਕੇ ਸ੍ਰ. ਮਨਮੋਹਨ ਸਿੰਘ ਬਰਾੜ ਐਡਵੋਕੇਟ ਸਾਬਕਾ ਚੇਅਰਮੈਨ ਸਿੱਖ ਗੁਰਦੁਆਰਾ ਜੁਡੀਸ਼ਲ ਕਮੀਸ਼ਨ ਨੂੰ ਕਮੀਸ਼ਨ ਦਾ ਮੈਂਬਰ ਨਿਯੁਕਤ ਕੀਤਾ ਹੈ।

### ਪੰਜਾਬ ਸਰਕਾਰ ਵਲੋਂ ਵਿਕਾਸ ਕਾਰਜਾਂ ਨੂੰ ਮਨਜ਼ੂਰੀ

ਚੰਡੀਗੜ੍ਹ, 22 ਮਈ-ਪੰਜਾਬ ਸਰਕਾਰ ਵਲੋਂ ਰਾਜ ਦੇ ਵਿਕਾਸ ਦੇ ਵੱਖ ਵੱਖ ਖੇਤਰਾਂ ਸੰਬੰਧੀ 20,000 ਕਰੋੜ ਦੇ ਨਵੇਂ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਹਨਾਂ ਵਿਚ ਪਠਾਨਕੋਟ ਤੇ ਜਲੰਧਰ ਰਾਹੀਂ ਅਜਮੇਰ ਤੱਕ 8 ਮਾਰਗੀ ਸੜਕ, ਸੂਬੇ ਦੇ ਧਾਰਮਿਕ ਅਸਥਾਨਾਂ ਦੀ ਯਾਤਰਾ ਲਈ ਇਕ ਲਗਜਰੀ ਟ੍ਰੇਨ, ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਦੁਆਲੇ ਅੱਠ ਮਾਰਗੀ ਸੜਕਾਂ ਅਤੇ ਮੁਹਾਲੀ ਵਿਚ ਇਕ ਆਈ. ਟੀ. ਟਾਵਰ ਸ਼ਾਮਲ ਹਨ। ਇਹਨਾਂ ਪ੍ਰਾਜੈਕਟਾਂ ਵਿਚ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਫਗਵਾੜਾ ਅਤੇ ਜਲੰਧਰ ਰਾਹੀ ਜੋੜਨ ਵਾਲੇ ਸੁਪਰ ਐਕਸਪ੍ਰੈਸ ਹਾਈਵੇ ਅਤੇ ਅੰਮ੍ਰਿਤਸਰ ਰਾਜਾਸਾਂਸੀ ਹਵਾਈ ਅੱਡੇ ਨੂੰ ਹਰਿਮੰਦਿਰ ਸਾਹਿਬ ਨਾਲ ਜੋੜਨ ਵਾਲਾ ਐਕਸਪ੍ਰੈਸ ਵੇ ਵੀ ਸ਼ਾਮਿਲ ਹੈ।

### ਸ਼ਹੀਦ ਸਿੱਖ ਫੌਜੀਆਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ

ਫਤੇਹਗੜ੍ਹ ਸਾਹਿਬ, 23 ਮਈ-ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਮੀਟਿੰਗ ਵਿਚ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਸਮੇਂ ਸਫਰ ਦੌਰਾਨ ਸ਼ਹੀਦ ਹੋਣ ਵਾਲੇ ਵਰਦੀਧਾਰੀ ਸਿੱਖ ਫੌਜੀਆਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਸਹਾਇਤਾ ਦੇਣ, ਡਾਇਰੈਕਟਰ ਮੀਡੀਆ, ਡਾਇਰੈਕਟਰ ਸਿੱਖ ਇਤਿਹਾਸ ਖੋਜ ਬੋਰਡ ਦੀਆਂ ਅਸਾਮੀਆਂ ਕਾਇਮ ਕਰਨ ਦਾ ਫੈਸਲਾ ਲਿਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਨੇ ਕਿਹਾ ਕਿ ਸ਼ਹੀਦ ਸਿੱਖ ਫੌਜੀਆਂ ਦੀ ਸ਼ਹਾਦਤ ਦੀ ਪ੍ਰਮਾਣਿਕਤਾ ਤੇ ਦਸਤਾਵੇਜ ਦੀ ਜਾਂਚ ਕਰਨ ਲਈ ਇਕ ਸਬ ਕਮੇਟੀ ਗਠਿਤ ਕੀਤੀ ਜਾਵੇਗੀ।

### ਕੀਰਤਨ ਤੇ ਕਥਾ ਵੈਬ ਸਾਈਟ 'ਤੇ

ਜਲੰਧਰ, 23 ਮਈ-ਨਿਊਯਾਰਕ ਦੇ ਗੁਰਦੁਆਰਾ ਮਲੈਨਕਵੋ ਦੇ ਪ੍ਰਬੰਧਕਾਂ ਨੇ ਫੈਸਲਾ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੋਂ ਕੀਰਤਨ ਅਤੇ ਕਥਾ ਰੋਜ਼ਾਨਾ ਸਵੇਰੇ 7 ਤੋਂ 8 ਵਜੇ ਤਕ ਪ੍ਰਸਾਰਣ ਕੀਤੀ ਜਾਵੇਗੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਉਸ ਦਿਨ ਦੇ ਹੁਕਮਨਾਮੇ ਦੇ ਅਰਥ ਵਿਆਖਿਆ ਕਥਾਕਾਰ ਗਿ. ਸਰਬਜੀਤ ਸਿੰਘ ਗੋਬਿੰਦਪੁਰੀ ਕਰਿਆ ਕਰਨਗੇ।

### ਧਾਰਮਿਕ ਸਥਾਨਾਂ ਤੇ ਵੈਟ ਤੇ ਛੋਟ

ਚੰਡੀਗੜ੍ਹ, 24 ਮਈ-ਪੰਜਾਬ ਸਰਕਾਰ ਨੇ ਸ੍ਰੀ ਹਰਿਮੰਦਿਰ ਸਾਹਿਬ, ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਦੁਰਗਿਆਨਾ ਮੰਦਰ ਅੰਮ੍ਰਿਤਸਰ ਤੇ ਦੇਵੀ ਤਲਾਬ ਮੰਦਰ ਜਲੰਧਰ ਲਈ ਸਪਲਾਈ ਕੀਤੇ ਜਾਣ ਵਾਲੇ ਸਾਮਾਨ ਨੂੰ ਵੈਟ ਤੋਂ ਛੋਟ ਦੇ ਦਿੱਤੀ ਹੈ। ਪਹਿਲਾਂ ਇਹ ਛੋਟ ਸਿਰਫ ਤਖ਼ਤ ਸਾਹਿਬ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਇਤਿਹਾਸਕ ਸਥਾਨ ਤੇ ਹੀ ਲਾਗੂ ਸੀ ਪਰ ਮੁਖ ਮੰਤਰੀ ਪੰਜਾਬ ਦੀ ਇੱਛਾ ਤੇ ਇਸ ਛੋਟ ਦਾ ਦਾਇਰਾ ਵਧਾ ਦਿੱਤਾ ਗਿਆ ਹੈ।